Alberta **ਨਿਊਜ਼** ਰਿਲੀਜ਼

# ਸੋਕੇ ਅਤੇ ਹੜ੍ਹਾਂ ਤੋਂ ਘਰਾਂ ਅਤੇ ਕਾਰੋਬਾਰਾਂ ਦੀ ਰੱਖਿਆ ਕਰਨਾ

27 ਮਾਰਚ, 2025 ਮੀਡੀਆ ਪੁੱਛਗਿੱਛ

## ਅਲਬਰਟਾ ਬਜਟ 2025, ਜੇਕਰ ਪਾਸ ਹੋ ਜਾਂਦਾ ਹੈ, ਤਾਂ ਉਸਦੇ ਮਾਧਿਅਮ ਨਾਲ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਭਵਿੱਖ ਵਿੱਚ ਆਉਣ ਵਾਲੇ ਹੜ੍ਹਾਂ ਅਤੇ ਸੋਕੇ ਤੋਂ ਬਚਾਉਣ ਵਿੱਚ ਮਦਦ ਕਰਨ ਲਈ $19 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਿਹਾ ਹੈ।

ਹਾਲ ਦੇ ਸਾਲਾਂ ਵਿੱਚ, ਸੂਬੇ ਭਰ ਵਿੱਚ ਸੋਕੇ ਅਤੇ ਹੜ੍ਹਾਂ ਦਾ ਅਨੁਭਵ ਕੀਤਾ ਗਿਆ, ਅਤੇ ਅਲਬਰਟਾ ਵਾਸੀਆਂ ਦੀ ਸੁਰੱਖਿਆ ਲਈ ਲੋੜੀਂਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਬਹੁਤ ਸਾਰੀਆਂ ਨਗਰਪਾਲਿਕਾਵਾਂ ਲਈ ਮਹਿੰਗਾ ਹੋ ਸਕਦਾ ਹੈ। ਇਸੇ ਲਈ ਅਲਬਰਟਾ ਸਰਕਾਰ ਘਰਾਂ ਦੀ ਰੱਖਿਆ, ਕਾਰੋਬਾਰਾਂ ਦੀ ਰੱਖਿਆ ਅਤੇ ਅੰਤ ਵਿੱਚ ਜਾਨਾਂ ਬਚਾਉਣ ਲਈ ਸੋਕਾ ਅਤੇ ਹੜ੍ਹ ਸੁਰੱਖਿਆ ਪ੍ਰੋਗਰਾਮ (Drought and Flood Protection Program) ਰਾਹੀਂ 10 ਵੱਖ-ਵੱਖ ਪ੍ਰੋਜੈਕਟਾਂ ਵਿੱਚ $19 ਮਿਲੀਅਨ ਦਾ ਵਾਧੂ ਨਿਵੇਸ਼ ਕਰ ਰਹੀ ਹੈ।

ਇਹ 10 ਪ੍ਰੋਜੈਕਟ, ਸੋਕੇ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਪਾਣੀ ਦੇ ਭੰਡਾਰਨ ਨੂੰ ਵਧਾਉਣਗੇ ਅਤੇ ਸੂਬੇ ਭਰ ਵਿੱਚ ਹੋਰ ਲੋੜੀਂਦੇ ਪ੍ਰੋਜੈਕਟਾਂ ਦਾ ਨਿਰਮਾਣ ਕਰਦੇ ਹੋਏ, ਹੜ੍ਹਾਂ ਤੋਂ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਰੱਖਿਆ ਕਰਨ ਵਿੱਚ ਮਦਦ ਕਰਨਗੇ।

"ਅਲਬਰਟਾ ਵਾਸੀਆਂ ਨੇ ਹੜ੍ਹਾਂ ਅਤੇ ਸੋਕੇ ਦੇ ਸਾਡੇ ਭਾਈਚਾਰਿਆਂ ਅਤੇ ਰੋਜ਼ੀ-ਰੋਟੀ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਖੁਦ ਦੇਖਿਆ ਹੈ। ਇਹ ਫੰਡਿੰਗ ਭਾਈਚਾਰਿਆਂ ਨੂੰ ਸੋਕੇ ਅਤੇ ਹੜ੍ਹ ਨਿਵਾਰਣ ਪ੍ਰੋਜੈਕਟਾਂ ਦੀ ਅਗਲੀ ਪੀੜ੍ਹੀ ਬਣਾਉਣ ਵਿੱਚ ਮਦਦ ਕਰ ਰਹੀ ਹੈ। ਹਾਲਾਂਕਿ ਅਸੀਂ ਮੌਸਮ ਨੂੰ ਨਹੀਂ ਬਦਲ ਸਕਦੇ, ਪਰ ਅਸੀਂ ਆਉਣ ਵਾਲੇ ਸਾਲਾਂ ਲਈ ਪਰਿਵਾਰਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰ ਸਕਦੇ ਹਾਂ।
*ਰੇਬੇਕਾ ਸ਼ੁਲਜ਼, ਵਾਤਾਵਰਣ ਅਤੇ ਸੁਰੱਖਿਅਤ ਖੇਤਰਾਂ ਦੀ ਮੰਤਰੀ*

ਇਹ ਫੰਡਿੰਗ ਨਾਲ ਅੱਠ ਨਗਰਪਾਲਿਕਾਵਾਂ ਅਤੇ ਦੋ ਫਸਟ ਨੇਸ਼ਨਜ਼ ਨੂੰ ਅਜਿਹੇ ਪ੍ਰੋਜੈਕਟ ਬਣਾਉਣ ਵਿੱਚ ਮਦਦ ਕਰੇਗੀ ਜੋ ਘਰਾਂ ਅਤੇ ਕਾਰੋਬਾਰਾਂ ਨੂੰ ਸੁੱਕਾ ਰੱਖਣ, ਐਮਰਜੈਂਸੀ ਦੌਰਾਨ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਚਾਲੂ

ਰੱਖਣ ਅਤੇ ਪਾਣੀ ਤੱਕ ਭਰੋਸੇਯੋਗ ਪਹੁੰਚ ਬਣਾਈ ਰੱਖਣ ਲਈ ਤਿਆਰ ਕੀਤੇ ਗਏ ਹਨ। ਇਸ ਵਿੱਚ ਹੇਠ ਲਿਖੇ ਕਮਿਊਨਿਟੀ ਅੱਪਗ੍ਰੇਡ ਸ਼ਾਮਲ ਹਨ:

- ਹੜ੍ਹਾਂ ਦੌਰਾਨ ਸਲੇਵ ਲੇਕ ਹਵਾਈ ਅੱਡੇ ਅਤੇ ਹੈਲੀਟੈਕ ਬੇਸ ਦੀ ਰੱਖਿਆ ਲਈ ਇੱਕ ਰਿਟੇਨਿੰਗ ਦੀਵਾਰ ਦਾ ਨਿਰਮਾਣ ਕਰਨਾ।
- ਸਿਕਸਿਕਾ ਨੇਸ਼ਨ ਦੇ ਨਵੇਂ ਬਣੇ ਵਾਸ਼ਿੰਗਟਨ ਸੀਵੇਜ ਲੈਗੂਨ ਅਤੇ ਹੋਰ ਸਥਾਨਕ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਇੱਕ ਬਰਮ ਦਾ ਨਿਰਮਾਣ ਕਰਨਾ।
- ਮੈਡੀਸਨ ਹੈਟ ਵੇਸਟਵਾਟਰ ਟ੍ਰੀਟਮੈਂਟ ਪਲਾਂਟ ਦੀ ਸੁਰੱਖਿਆ ਲਈ ਦੱਖਣੀ ਸਸਕੈਚਵਨ ਨਦੀ ਦੇ ਨਾਲ-ਨਾਲ 300 ਮੀਟਰ ਦੀ ਕਿਨਾਰੇ ਦੀ ਸੁਰੱਖਿਆ ਦਾ ਨਿਰਮਾਣ ਕਰਨਾ।
- ਸੇਂਟ ਅਲਬਰਟ ਵਿੱਚ ਬੁਨਿਆਦੀ ਢਾਂਚੇ ਦੀ ਰੱਖਿਆ ਲਈ ਕੈਰੋਟ ਕ੍ਰੀਕ ਦੇ ਨਾਲ-ਨਾਲ ਧਰਤੀ ਨੂੰ ਖੁਰਣ (erosion) ਤੋਂ ਰੋਕਣਾ।
- ਸੋਕੇ ਦੇ ਜੋਖਮਾਂ ਨੂੰ ਘਟਾਉਣ ਅਤੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸੇਂਟ ਪੌਲ ਵਿੱਚ ਇੱਕ ਕੁਦਰਤੀ ਤੂਫਾਨੀ ਪਾਣੀ ਪ੍ਰਬੰਧਨ ਤਲਾਅ ਦਾ ਨਿਰਮਾਣ ਕਰਨਾ।
- ਲੈਂਡਨ ਡਿੱਚ ਨੂੰ ਮੀਂਹ ਦੇ ਪਾਣੀ ਦੇ ਪ੍ਰਬੰਧਨ ਅਤੇ ਬੁਨਿਆਦੀ ਢਾਂਚੇ ਦੀ ਰੱਖਿਆ ਦੇ ਲਈ ਇੱਕ ਪ੍ਰਣਾਲੀ ਦਾ ਨਿਰਮਾਣ ਕਰਕੇ ਕੈਲਗਰੀ ਖੇਤਰ ਵਿੱਚ ਹੜ੍ਹ ਸੁਰੱਖਿਆ ਵਿੱਚ ਸੁਧਾਰ ਕਰਨਾ।

ਅਲਬਰਟਾ ਦੀ ਸਰਕਾਰ ਸੋਕੇ ਅਤੇ ਹੜ੍ਹ ਸੁਰੱਖਿਆ ਪ੍ਰੋਗਰਾਮ ਵਿੱਚ ਪੰਜ ਸਾਲਾਂ ਵਿੱਚ $125 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ, ਜਿਸਦੇ ਨਤੀਜੇ ਪਹਿਲਾਂ ਹੀ ਦਿਖਾਈ ਦੇ ਰਹੇ ਹਨ। ਪਿਛਲੇ ਸਾਲ ਸਰਕਾਰ ਨੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ, ਜੋ ਹੁਣ ਚੱਲ ਰਹੇ ਹਨ, ਲਈ ਕਾਉਂਟੀਆਂ, ਕਸਬਿਆਂ, ਸ਼ਹਿਰਾਂ ਅਤੇ ਆਦਿਵਾਸੀ ਭਾਈਵਾਲਾਂ ਨੂੰ ਲੱਖਾਂ ਡਾਲਰ ਪ੍ਰਦਾਨ ਕੀਤੇ। ਕੁੱਲ ਮਿਲਾ ਕੇ, ਪ੍ਰੋਗਰਾਮ ਰਾਹੀਂ ਹੁਣ 28 ਪ੍ਰੋਜੈਕਟਾਂ ਵਿੱਚ $50 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ।
ਫੰਡਿੰਗ ਅਰਜ਼ੀਆਂ ਦਾ ਅਗਲਾ ਦੌਰ ਅਕਤੂਬਰ ਵਿੱਚ ਖੁੱਲ੍ਹੇਗਾ, ਜਿਸ ਵਿੱਚ ਕਾਰੋਬਾਰਾਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸੁਰੱਖਿਆ ਲਈ ਹੋਰ $25 ਮਿਲੀਅਨ ਉਪਲਬਧ ਹੋਣਗੇ।
ਬਜਟ 2025 ਸਿੱਖਿਆ ਅਤੇ ਸਿਹਤ, ਵਾਤਾਵਰਣ ਸੁਰੱਖਿਆ, ਪਰਿਵਾਰਾਂ ਲਈ ਘੱਟ ਟੈਕਸਾਂ ਅਤੇ ਆਰਥਿਕਤਾ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਨਿਰੰਤਰ ਨਿਵੇਸ਼ ਨਾਲ ਅਲਬਰਟਾ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

## ਮੁੱਖ ਤੱਥ

- ਇਸ ਦੌਰ ਵਿੱਚ ਪ੍ਰਵਾਨਿਤ ਸਾਰੇ ਪ੍ਰੋਜੈਕਟਾਂ ਲਈ ਫੰਡਿੰਗ 2025-26 ਵਿੱਚ ਅਦਾ ਕੀਤੀ ਜਾਵੇਗੀ।
- ਫੰਡ ਪ੍ਰਾਪਤ ਕਰਨ ਵਾਲੇ 10 ਪ੍ਰੋਜੈਕਟਾਂ ਵਿੱਚੋਂ, ਸੱਤ ਮੁੱਖ ਤੌਰ 'ਤੇ ਹੜ੍ਹਾਂ ਨਾਲ ਨਜਿੱਠਣ 'ਤੇ ਕੇਂਦ੍ਰਿਤ ਹਨ, ਇੱਕ ਸੋਕੇ ਦੇ ਪ੍ਰਭਾਵਾਂ ਨਾਲ ਨਜਿੱਠਣ 'ਤੇ ਕੇਂਦ੍ਰਿਤ ਹੈ ਅਤੇ ਦੋ ਸੋਕੇ ਅਤੇ ਹੜ੍ਹ ਦੋਵਾਂ ਦੇ ਪ੍ਰਭਾਵਾਂ ਨੂੰ ਘਟਾਉਣ 'ਤੇ ਕੇਂਦ੍ਰਿਤ ਹਨ।
- ਪਹਿਲੇ ਦੌਰ ਵਿੱਚ ਫੰਡ ਪ੍ਰਾਪਤ ਕਰਨ ਵਾਲੇ 18 ਪ੍ਰੋਜੈਕਟਾਂ ਵਿੱਚੋਂ, 10 ਸੋਕੇ ਦੇ ਪ੍ਰਭਾਵਾਂ ਨਾਲ ਨਜਿੱਠਣ 'ਤੇ ਕੇਂਦ੍ਰਿਤ ਸਨ।

- ਫੰਡਿੰਗ ਦੇ ਪਹਿਲੇ ਦੌਰ ਵਿੱਚ, $5,727,119 ਨੂੰ 2025-26 ਤੱਕ ਮੁਲਤਵੀ ਕਰ ਦਿੱਤਾ ਗਿਆ ਸੀ, ਜਿਸ ਵਿੱਚ $5 ਮਿਲੀਅਨ ਫੋਰਟ ਮੈਕੇ ਵਾਟਰ ਸਪਲਾਈ ਇਨਫਰਾਸਟ੍ਰਕਚਰ ਰੀਹੈਬਲੀਟੇਸ਼ਨ ਅਤੇ $727,119 ਗਲੇਨਮੋਰ ਟ੍ਰੇਲ ਸਟੋਰਮਵਾਟਰ ਡਾਇਵਰਸ਼ਨ ਪ੍ਰੋਜੈਕਟ ਲਈ ਗਏ ਸਨ।

## ਸੰਬੰਧਿਤ ਜਾਣਕਾਰੀ

- ਸੋਕਾ ਅਤੇ ਹੜ੍ਹ ਸੁਰੱਖਿਆ ਪ੍ਰੋਗਰਾਮ
- ਪ੍ਰਵਾਨਿਤ ਪ੍ਰੋਜੈਕਟ

## ਮੀਡੀਆ ਪੁੱਛ-ਗਿਛ

**Ryan Fournier (ਰਾਇਨ ਫੋਰਨੀਅਰ)**

780-232-2213
ਪ੍ਰੈਸ ਸਕੱਤਰ, ਵਾਤਾਵਰਣ ਅਤੇ ਸੁਰੱਖਿਅਤ ਖੇਤਰ